MEDI-CAL ਨਿਰੰਤਰ ਬੀਮਾ ਕਵਰੇਜ ਦੀ ਜ਼ਰੂਰਤ

ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼

ਸੰਚਾਰ ਟੂਲਕਿਟ ਪੜਾਅ 2

Medi-Cal

ਸੰਖੇਪ ਜਾਣਕਾਰੀ

ਮਾਰਚ 2020 ਵਿੱਚ, ਮੈਡੀਕੇਅਰ ਐਂਡ ਮੈਡੀਕੇਡ ਸੇਵਾਵਾਂ ਬਾਰੇ ਕੇਂਦਰ [Centers for Medicare & Medicaid Services (CMS)] ਨੇ COVID-19 ਦੇ ਕਰਕੇ ਕੁਝ Medicaid ਅਤੇ ਬਾਲ ਸਿਹਤ ਬੀਮਾ ਪ੍ਰੋਗਰਾਮ [Children's Health Insurance Program (CHIP)] ਦੀਆਂ ਲੋੜਾਂ ਅਤੇ ਸ਼ਰਤਾਂ ਨੂੰ ਆਰਜ਼ੀ ਤੌਰ 'ਤੇ ਮੁਆਫ਼ ਕਰ ਦਿੱਤਾ ਸੀ। ਇਹਨਾਂ ਨਿਯਮਾਂ ਨੂੰ ਸੌਖਾ ਬਣਾਉਣ ਨਾਲ ਲੋਕਾਂ ਨੂੰ Medicaid (ਕੈਲੀਫੋਰਨੀਆ ਵਿੱਚ Medi-Cal) ਅਤੇ CHIP ਨਾਲ—ਸਾਰੇ 50 ਰਾਜਾਂ, ਕੋਲੰਬੀਆ ਜ਼ਿਲ੍ਹਾ, ਅਤੇ ਪੰਜ ਅਮਰੀਕੀ ਖੇਤਰਾਂ ਵਿੱਚ—ਮਹਾਂਮਾਰੀ ਦੇ ਦੌਰਾਨ ਆਪਣੀ ਸਿਹਤ ਬੀਮਾ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੀ। ਹਾਲਾਂਕਿ, ਇੱਕ ਨਵਾਂ ਕਾਨੂੰਨ 31 ਮਾਰਚ, 2023 ਨੂੰ Medicaid ਦੀ ਨਿਰੰਤਰ ਕਵਰੇਜ ਨੂੰ ਖਤਮ ਕਰਦਾ ਹੈ ਅਤੇ ਹਰੇਕ ਰਾਜ ਲਈ 1 ਅਪਰੈਲ, 2023 ਤੋਂ ਯੋਗਤਾ ਨਵਿਆਉਣ ਨੂੰ ਮੁੜ ਸ਼ੁਰੂ ਕਰਨ ਨੂੰ ਜ਼ਰੂਰੀ ਬਣਾਉਂਦਾ ਹੈ।

ਸੰਚਾਰ ਲਈ ਦੋ-ਪੜਾਵੀ ਪਹੁੰਚ

DHCS DHCS ਕਵਰੇਜ ਅੰਬੈਸਡਰਜ਼ (Coverage Ambassadors) ਕਹੇ ਜਾਂਦੇ ਭਰੋਸੇਯੋਗ ਭਾਈਵਾਲਾਂ ਦੀ ਵਰਤੋਂ ਕਰਦੇ ਹੋਏ ਕਈ ਚੈਨਲਾਂ ਵਿੱਚ ਸੁਨੇਹਿਆਂ ਦੇ ਨਾਲ ਲਾਭਪਾਤਰੀਆਂ ਤੱਕ ਪਹੁੰਚਣ ਲਈ ਇੱਕ ਦੋ-ਪੜਾਵੀ ਸੰਚਾਰ ਮੁਹਿੰਮ ਨੂੰ ਲਾਗੂ ਕਰ ਰਿਹਾ ਹੈ।

ਪੜਾਅ 1, ਜਾਗਰੂਕਤਾ – ਲਾਭਪਾਤਰੀਆਂ ਨੂੰ ਅੱਪਡੇਟ ਕੀਤੀ ਸੰਪਰਕ ਜਾਣਕਾਰੀ, ਜਿਵੇਂ ਕਿ ਨਾਮ, ਪਤਾ, ਫ਼ੋਨ ਨੰਬਰ, ਅਤੇ ਈਮੇਲ ਪਤਾ ਮੁਹੱਈਆ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਬਸੰਤ 2022 ਵਿੱਚ ਸ਼ੁਰੂ ਕੀਤਾ ਗਿਆ, ਤਾਂ ਜੋ ਉਹਨਾਂ ਨੂੰ ਆਪਣੇ Medi-Cal ਫਾਇਦੇ ਬਣਾਈ ਰੱਖਣ ਬਾਰੇ ਮਹੱਤਵਪੂਰਨ ਜਾਣਕਾਰੀ ਬਾਰੇ ਸੰਪਰਕ ਕੀਤਾ ਜਾ ਸਕੇ। ਸੁਨੇਹਾ "ਆਪਣੀ ਅਤੇ ਆਪਣੇ ਪਰਿਵਾਰ ਦੀ ਬੀਮਾ ਕਵਰੇਜ ਨੂੰ ਬਣਾਈ ਰੱਖੋ" 'ਤੇ ਕੇਂਦਰਿਤ ਹੈ।

ਪੜਾਅ 2, ਨਵਿਆਉਣਾ – ਫਰਵਰੀ ਤੋਂ ਸ਼ੁਰੂ ਕਰਦੇ ਹੋਏ, ਇਹ ਚਰਣ ਲਾਭਪਾਤਰੀਆਂ ਨੂੰ ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰਨ ਅਤੇ ਨਿੱਜੀ ਸਥਿਤੀਆਂ ਵਿੱਚ ਹੋਈ ਕਿਸੇ ਵੀ ਤਬਦੀਲੀ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ। DHCS ਕਵਰੇਜ ਅੰਬੈਸਡਰ ਲਾਭਪਾਤਰੀਆਂ ਨੂੰ ਸੰਪਰਕ ਜਾਣਕਾਰੀ ਅੱਪਡੇਟ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ Medi-Cal ਨਿਰੰਤਰ ਕਵਰੇਜ ਸੰਚਾਰ ਟੂਲਕਿਟ (Continuous Coverage Communication Toolkit) - ਪੜਾਅ 1 ਤੋਂ ਸਮੱਗਰੀ ਦੀ ਵਰਤੋਂ ਕਰ ਸਕਦੇ ਹਨ। ਇਸ ਤੋਂ ਇਲਾਵਾ, ਇਹ ਲਾਭਪਾਤਰੀਆਂ ਨੂੰ ਉਹਨਾਂ ਦੇ ਆਉਣ ਵਾਲੇ ਨਵੀਨੀਕਰਨ ਪੈਕੇਟਾਂ ਲਈ ਡਾਕ ਦੁਆਰਾ ਪ੍ਰਾਪਤ ਹੋਣ ਵਾਲੇ ਮੇਲ ਚੈੱਕ ਕਰਨ ਲਈ ਵੀ ਯਾਦ ਕਰਾਏਗਾ ਜੋ ਉਹਨਾਂ ਲਈ ਜਾਰੀ ਕੀਤੇ ਜਾਣਗੇ ਜੋ ਸਥਾਨਕ ਕਾਉਂਟੀ ਦਫ਼ਤਰ ਕੋਲ ਪਹਿਲਾਂ ਹੀ ਉਪਲਬਧ ਜਾਣਕਾਰੀ ਦੀ ਵਰਤੋਂ ਕਰਕੇ ਨਵੀਨੀਕਰਨ ਨਹੀਂ ਕੀਤੇ ਜਾ ਸਕਦੇ ਹਨ। ਲਾਭਪਾਤਰੀਆਂ ਨੂੰ ਨਵਿਆਉਣ ਬਾਰੇ ਐਲਰਟ ਲਈ ਆਪਣੇ ਔਨਲਾਈਨ ਅਕਾਉਂਟਸ ਦੇਖਣ ਲਈ ਵੀ ਉਤਸ਼ਾਹਿਤ ਕੀਤਾ ਜਾਏਗਾ। ਪੜਾਅ 2 ਲਈ ਇਸ ਟੂਲਕਿੱਟ ਵਿੱਚ ਟੈਮਪਲੇਟ ਮੈਸੇਜਿੰਗ ਨਵਿਆਉਣ ਦੇ ਮਹੱਤਵ ਅਤੇ ਫੌਰੀ ਜ਼ਰੂਰਤ 'ਤੇ ਜ਼ੋਰ ਦੇਣ ਲਈ "ਇਸ ਨੂੰ ਨਵਿਆਓ ਨਹੀਂ ਤਾਂ ਇਸਨੂੰ ਗੁਆ ਬੈਠੋਗੇ" ਅਤੇ "ਨਵੀਨੀਕਰਨ ਦਾ ਸਮਾਂ ਆ ਗਿਆ ਹੈ" ਭਾਸ਼ਾ ਸਮੇਤ ਵਿਸ਼ਿਆਂ 'ਤੇ ਕੇਂਦਰਿਤ ਹੈ। ਇਸ ਟੂਲਕਿੱਟ ਵਿੱਚ ਮੁਹੱਈਆ ਕੀਤੇ ਗਏ ਸੋਮੇ DHCS ਕਵਰੇਜ ਅੰਬੈਸਡਰਾਂ ਨੂੰ ਲਾਭਪਾਤਰੀਆਂ ਤੱਕ ਉਹਨਾਂ ਦੇ ਨਵੀਨੀਕਰਨ ਬਾਰੇ ਪਹੁੰਚਣ, ਅਤੇ ਕਵਰੇਜ ਵਿੱਚ ਅੰਤਰਾਲ ਹੋਣ ਤੋਂ ਬਚਣ ਲਈ ਉਹਨਾਂ ਨੂੰ ਕੀ ਕਰਨ ਦੀ ਲੋੜ ਹੈ, ਬਾਰੇ ਹੋਰ ਮਦਦ ਕਰਨਗੇ।

ਸੰਚਾਰ ਮੁਹਿੰਮ ਮੈਸੇਜਿੰਗ ਲਾਭਪਾਤਰੀਆਂ ਨੂੰ ਨਾਮ, ਮੌਜੂਦਾ ਪਤਾ, ਈਮੇਲ ਪਤਾ, ਜਾਂ ਫ਼ੋਨ ਨੰਬਰ ਸਮੇਤ ਸੰਪਰਕ ਜਾਣਕਾਰੀ ਵਿੱਚ ਆਈ ਕਿਸੇ ਵੀ ਤਬਦੀਲੀ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨ ਉੱਪਰ ਕੇਂਦਰਿਤ ਹੁੰਦਾ ਹੈ। ਲਾਭਪਾਤਰੀ ਸੰਪਰਕ ਜਾਣਕਾਰੀ ਨੂੰ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ, ਜਾਂ ਔਨਲਾਈਨ ਅੱਪਡੇਟ ਕਰ ਸਕਦੇ ਹਨ, ਜੇਕਰ ਇਹ ਬਦਲ ਗਈ ਹੈ।

DHCS ਕਵਰੇਜ ਅੰਬੈਸਡਰਸ

ਅੱਜ ਹੀ DHCS ਕਵਰੇਜ ਅੰਬੈਸਡਰ ਬਣਨ ਲਈ ਸਾਈਨ ਅੱਪ ਕਰੋ।

Medi-Cal ਲਗਾਤਾਰ ਕਵਰੇਜ ਟੂਲਕਿੱਟ ਅਤੇ ਵੈਬਪੇਜ DHCS ਕਵਰੇਜ ਅੰਬੈਸਡਰਾਂ ਨੂੰ Medi-Cal ਲਾਭਪਾਤਰੀਆਂ ਨੂੰ ਪੁਸ਼ ਸੰਚਾਰਾਂ ਨੂੰ ਅਨੁਕੂਲਿਤ ਬਣਾਉਣ ਵਿੱਚ ਮਦਦ ਕਰਨ ਲਈ ਉਪਲਬਧ ਹਨ ਤਾਂ ਕਿ ਉਹਨਾਂ ਦੀ ਸੰਪਰਕ ਜਾਣਕਾਰੀ ਵਿੱਚ ਤਬਦੀਲੀ ਹੋਣ ਦੀ ਸੂਰਤ ਵਿੱਚ ਉਹਨਾਂ ਨੂੰ ਕਾਉਂਟੀਜ਼ ਨਾਲ ਉਹਨਾਂ ਦੀ ਜਾਣਕਾਰੀ ਅੱਪਡੇਟ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਉਹ ਆਪਣੀ Medi-Cal ਕਵਰੇਜ ਬਣਾਈ ਰੱਖਣ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਦੇ ਹਨ।

ਜਿਵੇਂ ਕਿ ਅੱਗੇ ਸੰਚਾਰਾਂ ਦੀ ਲੋੜ ਹੈ, ਅੱਪਡੇਟ ਕੀਤੇ ਟੂਲਕਿੱਟਾਂ ਦੇ ਉਪਲਬਧ ਹੋਣ ’ਤੇ DHCS ਵੈੱਬਸਾਈਟ 'ਤੇ ਪੋਸਟ ਕੀਤਾ ਜਾਏਗਾ ਅਤੇ DHCS ਕਵਰੇਜ ਅੰਬੈਸਡਰਾਂ ਨੂੰ ਵੰਡਿਆ ਜਾਏਗਾ।

ਅਹਿਮ ਸੁਨੇਹੇ

DHCS ਕਵਰੇਜ ਅੰਬੈਸਡਰਾਂ ਨੂੰ ਲਾਭਪਾਤਰੀਆਂ ਦੇ ਆਪਣੇ Medi-Cal ਕਵਰੇਜ ਨੂੰ ਨਵਿਆਉਣ ਲਈ ਤਿਆਰ ਹੋਣ ਵਾਸਤੇ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸੁਨੇਹੇ ਸਰਲ, ਸਿੱਧੇ, ਅਤੇ ਜਾਣਕਾਰੀ ਦੇਣ ਵਾਲੇ ਹੋਣੇ ਚਾਹੀਦੇ ਹਨ:

ਜਾਗਰੂਕਤਾ

- **ਆਪਣੇ ਅਕਾਉਂਟ ਵਿੱਚ ਲੌਗ ਇਨ ਕਰੋ** – ਯਕੀਨੀ ਬਣਾਓ ਕਿ Medi-Cal ਕੋਲ ਤੁਹਾਡੀ ਨਵੀਨਤਮ ਜਾਣਕਾਰੀ ਉਪਲਬਧ ਹੈ। ਹੋਰ ਜਾਣਕਾਰੀ ਲਈ ਅਤੇ ਈਮੇਲ ਅਤੇ ਟੈਕਸਟ ਮੈਸੇਜ ਅਲਰਟਸ ਲਈ ਸਾਈਨ ਅੱਪ ਕਰਨ ਵਾਸਤੇ KeepMediCalCoverage.org ’ਤੇ ਜਾਓ।

  ਜਾਂ

- **ਆਪਣੀ ਸੰਪਰਕ ਜਾਣਕਾਰੀ ਅੱਪਡੇਟ ਕਰੋ** – ਯਕੀਨੀ ਬਣਾਓ ਕਿ ਕਾਉਂਟੀਜ਼ ਕੋਲ ਤੁਹਾਡਾ ਮੌਜੂਦਾ ਨਾਮ, ਡਾਕ ਪਤਾ, ਫ਼ੋਨ ਨੰਬਰ, ਈਮੇਲ ਪਤਾ, ਜਾਂ ਹੋਰ ਸੰਪਰਕ ਜਾਣਕਾਰੀ ਮੌਜੂਦ ਹੈ, ਜੇਕਰ ਇਹ ਬਦਲ ਗਈ ਹੈ। ਇਸ ਤਰ੍ਹਾਂ, ਕਾਉਂਟੀਜ਼ ਤੁਹਾਡੇ ਨਾਲ ਤੁਹਾਡੀ Medi-Cal ਬਾਰੇ ਸੰਪਰਕ ਕਰ ਸਕਦੀਆਂ ਹਨ।

ਨਵੀਨੀਕਰਨ

- **ਆਪਣਾ ਔਨਲਾਈਨ ਅਕਾਉਂਟ ਬਣਾਓ ਜਾਂ ਚੈੱਕ ਕਰੋ** – ਅਲਰਟਸ ਲਈ ਆਪਣਾ Covered California, BenefitsCal, ਜਾਂ MyBenefitsCalWIN ਅਕਾਉਂਟ ਬਣਾਓ ਜਾਂ ਚੈੱਕ ਕਰੋ। ਤੁਸੀਂ ਨਵੀਨੀਕਰਨ ਜਾਂ ਬੇਨਤੀ ਕੀਤੀ ਜਾਣਕਾਰੀ ਔਨਲਾਈਨ ਜਮ੍ਹਾਂ ਕਰਾਉਣ ਦੇ ਯੋਗ ਹੋ ਸਕਦੇ ਹੋ।
- **ਆਪਣਾ ਨਵੀਨੀਕਰਨ ਫ਼ਾਰਮ ਭਰੋ (ਜੇਕਰ ਤੁਹਾਨੂੰ ਕੋਈ ਫ਼ਾਰਮ ਪ੍ਰਾਪਤ ਹੁੰਦਾ ਹੈ)** – ਜੇਕਰ ਤੁਹਾਨੂੰ ਡਾਕ ਵਿੱਚ ਨਵੀਨੀਕਰਨ ਫ਼ਾਰਮ ਪ੍ਰਾਪਤ ਹੋਇਆ ਹੈ, ਤਾਂ ਤੁਸੀਂ Medi-Cal ਕਵਰੇਜ ਵਿੱਚ ਅੰਤਰਾਲ ਆਉਣ ਤੋਂ ਬਚਣ ਵਿੱਚ ਮਦਦ ਕਰਨ ਲਈ ਆਪਣੀ ਜਾਣਕਾਰੀ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਮ੍ਹਾਂ ਕਰਾ ਸਕਦੇ ਹੋ।

ਆਊਟਰੀਚ ਤਰਕੀਬਾਂ

ਹੇਠਾਂ ਦਿੱਤਾ ਸੈਕਸ਼ਨ ਉਪਲਬਧ ਆਊਟਰੀਚ ਸਮੱਗਰੀ ਦੀ ਸੂਚੀ ਹੈ:

ਕਾੱਲ ਸਕ੍ਰਿਪਟ

» ਕਾੱਲ ਸੈਂਟਰ ਸਟਾਫ਼ ਨਾਲ ਸਾਂਝੇ ਕੀਤੇ ਗਏ ਸਕ੍ਰਿਪਟਡ ਸੁਨੇਹੇ

ਈਮੇਲਾਂ

» ਲਾਭਪਾਤਰੀਆਂ ਨੂੰ ਸਿੱਧੀਆਂ ਈਮੇਲਾਂ

ਫਲਾਇਰ/ਇਨਸਰਟ ਸਨਿਪੇਟ

» ਲਾਭਪਾਤਰੀਆਂ ਨੂੰ ਸਿੱਧੀ ਡਾਕ

» ਅੰਬੈਸਡਰ ਦੇ ਸਥਾਨਾਂ 'ਤੇ ਸਾਂਝਾ ਕਰੋ, ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਭਾਈਚਾਰੇ ਦੇ ਕੇਂਦਰ
- ਔਰਤਾਂ, ਨਵਜੰਮੇ ਬੱਚੇ, ਅਤੇ ਬੱਚਿਆਂ (WIC) ਬਾਰੇ ਦਫ਼ਤਰ ਅਤੇ CalFresh ਦਫ਼ਤਰ
- ਹਸਪਤਾਲ, ਕਲੀਨਿਕ, ਫਾਰਮੇਸੀ, ਜਾਂ ਦੂਜੇ ਸਿਹਤ ਸੰਭਾਲ ਸੁਵਿਧਾ ਕੇਂਦਰ
- ਸਕੂਲ ਨਰਸ ਦਫ਼ਤਰ
- ਸਕੂਲ ਸਿਹਤ ਕੇਂਦਰ
- ਸਥਾਨਕ ਕਾਉਂਟੀ ਦਫ਼ਤਰ
- Medi-Cal ਲਾਭਪਾਤਰੀਆਂ ਤਕ ਪਹੁੰਚਣ ਲਈ ਕੋਈ ਹੋਰ ਥਾਂ

ਇੰਟਰਐਕਟਿਵ ਵਾਇਸ ਰਿਸਪਾਂਸ

» ਕਾੱਲ ਸੈਂਟਰ ਸਟਾਫ਼ ਨਾਲ ਸਾਂਝੇ ਕੀਤੇ ਗਏ ਸਕ੍ਰਿਪਟਡ ਸੁਨੇਹੇ

ਔਨਲਾਈਨ ਪੋਰਟਲਸ ਬਾਰੇ ਸੁਨੇਹੇ

» ਵੈੱਬਸਾਈਟਸ ’ਤੇ ਸਾਂਝਾ ਕਰੋ

» ਲਾਭਪਾਤਰੀਆਂ ਨੂੰ ਸਿੱਧੀਆਂ ਈਮੇਲਾਂ

ਸਪਲੀਮੈਂਟਲ ਸਿਕਉਰਿਟੀ ਇਨਕਮ (SSI) ਲਾਭਪਾਤਰੀਆਂ ਲਈ ਸੁਨੇਹੇ

» ਸਥਾਨਕ ਕਾਉਂਟੀ ਦਫ਼ਤਰ ਵੈੱਬਸਾਈਟਸ ’ਤੇ ਸਾਂਝਾ ਕਰੋ

» ਪ੍ਰੋਗਰਾਮ ਵੈੱਬਸਾਈਟਸ

ਸੋਸ਼ਲ ਮੀਡੀਆ

- Twitter
- Facebook
- Instagram
- LinkedIn

ਟੈਕਸਟ ਸੁਨੇਹੇ

- ਲਾਭਪਾਤਰੀਆਂ ਨੂੰ ਸਿੱਧੇ ਟੈਕਸਟ ਸੁਨੇਹੇ

ਕਾਉਂਟੀ ਆਫ਼ਿਸ ਪੇਜ ਲਈ ਵੈੱਬਸਾਈਟ ਟੈਕਸਟ

- ਸਥਾਨਕ ਕਾਉਂਟੀ ਦਫ਼ਤਰ ਵੈੱਬਸਾਈਟਸ ’ਤੇ ਸਾਂਝਾ ਕਰੋ

ਟੂਲਕਿਟ ਸਮੱਗਰੀ

ਕੱਲ ਸਕ੍ਰਿਪਟ ਸਨਿਪੇਟਸ

ਲਾਭਪਾਤਰੀ ਕੱਲਰ	ਕਾਉਂਟੀ/ਪ੍ਰਬੰਧਤ ਦੇਖਭਾਲ ਯੋਜਨਾ /ਭਾਈਚਾਰਕ ਭਾਈਵਾਲ/ਏਜੰਟ
ਕੀ ਮੈਨੂੰ Medi-Cal ਨਵੀਨੀਕਰਨ ਪੂਰਾ ਕਰਨ ਦੀ ਲੋੜ ਹੋਏਗੀ?	ਤੁਹਾਨੂੰ ਛੇਤੀ ਹੀ ਇਹ ਪਤਾ ਕਰਨ ਲਈ ਕਦਮ ਚੁੱਕਣ ਦੀ ਲੋੜ ਹੋ ਸਕਦੀ ਹੈ ਕਿ ਕੀ ਤੁਸੀਂ ਅਜੇ ਵੀ Medi-Cal ਲਈ ਯੋਗ ਹੋ। ਕਾਉਂਟੀਜ਼ ਤੁਹਾਨੂੰ ਤੁਹਾਡੀ Medi-Cal ਯੋਗਤਾ ਬਾਰੇ ਇੱਕ ਚਿੱਠੀ ਡਾਕ ਰਾਹੀਂ ਭੇਜਣਗੀਆਂ। ਤੁਹਾਨੂੰ ਇੱਕ ਨਵੀਨੀਕਰਨ ਫ਼ਾਰਮ ਭਰਨ ਦੀ ਲੋੜ ਹੋ ਸਕਦੀ ਹੈ। ਯਕੀਨੀ ਬਣਾਓ ਕਿ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਤੁਹਾਡੇ ਸਥਾਨਕ ਕਾਉਂਟੀ ਦਫ਼ਤਰ ਨਾਲ ਅੱਪਡੇਟ ਕੀਤੀ ਗਈ ਹੈ, ਜੇਕਰ ਇਹ ਬਦਲ ਗਈ ਹੈ। ਸਥਾਨਕ ਕਾਉਂਟੀ ਦਫ਼ਤਰ ਸਿਰਫ਼ ਹੋਰ ਜਾਣਕਾਰੀ ਲਈ ਤੁਹਾਨੂੰ ਪੁੱਛੇਗਾ ਜੇਕਰ ਉਹਨਾਂ ਨੂੰ ਤੁਹਾਡੀ Medi-Cal ਨੂੰ ਨਵਿਆਉਣ ਲਈ ਇਸਦੀ ਲੋੜ ਹੈ। ਜੇਕਰ ਤੁਹਾਨੂੰ ਇੱਕ ਨਵਿਆਉਣ ਵਾਲਾ ਪੈਕੇਟ ਜਾਂ ਹੋਰ ਜਾਣਕਾਰੀ ਮੰਗਣ ਵਾਲੀ ਚਿੱਠੀ ਮਿਲਦੀ ਹੈ, ਤਾਂ ਤੁਸੀਂ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਾਣਕਾਰੀ ਜਮ੍ਹਾਂ ਕਰਾ ਸਕਦੇ ਹੋ।
ਮੈਨੂੰ ਆਪਣਾ Medi-Cal ਨਵਿਆਉਣ ਵਾਲਾ ਪੈਕੇਟ ਕਦੋਂ ਭਰਨ ਅਤੇ ਵਾਪਸ ਕਰਨ ਦੀ ਲੋੜ ਹੈ?	ਤੁਹਾਨੂੰ ਡਾਕ ਵਿੱਚ ਇੱਕ ਚਿੱਠੀ ਮਿਲੇਗੀ। ਇਹ ਚਿੱਠੀ ਤੁਹਾਨੂੰ ਦੱਸੇਗੀ ਕਿ ਕੀ ਤੁਹਾਡੀ Medi-Cal ਕਵਰੇਜ ਨੂੰ ਸਵੈਚਲਿਤ ਤੌਰ 'ਤੇ ਨਵਿਆਇਆ ਗਿਆ ਸੀ ਜਾਂ ਕੀ ਤੁਹਾਡੀ ਕਾਉਂਟੀ ਨੂੰ ਤੁਹਾਡੀ Medi-Cal ਨੂੰ ਨਵਿਆਉਣ ਲਈ ਹੋਰ ਜਾਣਕਾਰੀ ਦੀ ਲੋੜ ਹੈ। ਜੇਕਰ ਤੁਹਾਨੂੰ ਨਵਿਆਉਣ ਵਾਲਾ ਪੈਕੇਟ ਜਾਂ ਹੋਰ ਜਾਣਕਾਰੀ ਮੰਗਣ ਵਾਲੀ ਚਿੱਠੀ ਮਿਲਦੀ ਹੈ, ਤਾਂ ਤੁਸੀਂ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਾਣਕਾਰੀ ਜਮ੍ਹਾਂ ਕਰਾ ਸਕਦੇ ਹੋ। ਜੇਕਰ ਤੁਹਾਨੂੰ ਨਵਿਆਉਣ ਵਾਲਾ ਪੈਕੇਟ ਪੂਰਾ ਕਰਨ ਦੀ ਲੋੜ ਨਹੀਂ ਹੈ ਤਾਂ ਤੁਹਾਡੀ ਕਾਉਂਟੀ ਤੁਹਾਨੂੰ ਦੱਸੇਗੀ। ਤੁਹਾਡੀ ਕਾਉਂਟੀ ਤੋਂ ਚਿੱਠੀ ਉਸੇ ਸਮੇਂ ਦੇ ਆਸ-ਪਾਸ ਆਉਣੀ ਚਾਹੀਦੀ ਹੈ ਜਿਸ ਸਮੇਂ ਤੁਹਾਨੂੰ ਪਿਛਲੇ ਸਾਲਾਂ ਵਿੱਚ ਇਸ ਤਰ੍ਹਾਂ ਦੀਆਂ ਚਿੱਠੀਆਂ ਪ੍ਰਾਪਤ ਹੋਈਆਂ ਸਨ। ਉਦਾਹਰਨ ਲਈ, ਜੇਕਰ ਤੁਹਾਡਾ Medi-Cal ਨਵੀਨੀਕਰਨ ਪਿਛਲੇ ਸਾਲਾਂ ਵਿੱਚ ਅਪਰੈਲ ਵਿੱਚ ਹੋਣਾ ਸੀ, ਤਾਂ ਤੁਹਾਨੂੰ ਅਪ੍ਰੈਲ ਤੋਂ ਪਹਿਲਾਂ ਦੋ ਮਹੀਨਿਆਂ ਵਿੱਚ ਆਪਣੀ ਕਾਉਂਟੀ ਤੋਂ ਚਿੱਠੀ ਦੀ ਉਡੀਕ ਕਰਨੀ ਚਾਹੀਦੀ ਹੈ।

ਮੈਂ ਆਪਣੇ Medi-Cal ਨੂੰ ਨਵਿਆਉਣ ਦੀ ਤਿਆਰੀ ਲਈ ਕੀ ਕਰ ਸਕਦਾ ਹਾਂ?	ਜੇਕਰ ਤੁਸੀਂ ਹਾਲ ਹੀ ਵਿੱਚ ਕਿਸੇ ਹੋਰ ਥਾਂ 'ਤੇ ਚਲੇ ਗਏ ਹੋ, ਜਾਂ ਜੇਕਰ ਤੁਹਾਡੀ ਕੋਈ ਸੰਪਰਕ ਜਾਣਕਾਰੀ, ਜਿਵੇਂ ਕਿ ਤੁਹਾਡਾ ਫ਼ੋਨ ਨੰਬਰ ਜਾਂ ਈਮੇਲ ਪਤਾ, ਬਦਲ ਗਿਆ ਹੈ, ਤਾਂ ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਆਪਣੇ Medi-Cal ਕਵਰੇਜ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਦੇ ਰਹੋ, ਆਪਣੇ ਸਥਾਨਕ ਕਾਉਂਟੀ ਦਫ਼ਤਰ ਨੂੰ ਆਪਣੀਆਂ ਤਬਦੀਲੀਆਂ ਦੀ ਰਿਪੋਰਟ ਕਰੋ। ਜੇਕਰ ਤੁਹਾਨੂੰ ਨਵੀਂ ਨੌਕਰੀ ਮਿਲੀ ਹੈ ਜਾਂ ਤੁਹਾਡੀ ਆਮਦਨ ਬਦਲ ਗਈ ਹੈ, ਤਾਂ ਤਸਦੀਕ ਮੁਹੱਈਆ ਕਰਨ ਲਈ ਤਿਆਰ ਰਹੋ। ਆਪਣੀ ਮੇਲ ਚੈੱਕ ਕਰੋ – ਕਾਉਂਟੀਜ਼ ਤੁਹਾਨੂੰ ਤੁਹਾਡੀ Medi-Cal ਯੋਗਤਾ ਬਾਰੇ ਇੱਕ ਚਿੱਠੀ ਡਾਕ ਰਾਹੀਂ ਭੇਜਣਗੀਆਂ। ਤੁਹਾਨੂੰ ਇੱਕ ਨਵੀਨੀਕਰਨ ਫ਼ਾਰਮ ਭਰਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਨੂੰ ਨਵੀਨੀਕਰਨ ਫ਼ਾਰਮ ਭੇਜਿਆ ਗਿਆ ਹੈ, ਤਾਂ ਆਪਣੀ ਜਾਣਕਾਰੀ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਮ੍ਹਾਂ ਕਰਾਓ, ਤਾਂ ਜੋ ਤੁਸੀਂ ਆਪਣਾ ਕਵਰੇਜ ਗੁਆ ਨਾ ਦਿਓ। ਆਪਣਾ ਔਨਲਾਈਨ ਅਕਾਉਂਟ ਬਣਾਓ ਜਾਂ ਚੈੱਕ ਕਰੋ - Covered California, BenefitsCal, ਜਾਂ MyBenefitsCalWIN ਅਲਰਟਸ ਲਈ। ਤੁਸੀਂ ਨਵੀਨੀਕਰਨ ਜਾਂ ਬੇਨਤੀ ਕੀਤੀ ਜਾਣਕਾਰੀ ਔਨਲਾਈਨ ਜਮ੍ਹਾਂ ਕਰਾ ਸਕਦੇ ਹੋ।
ਜੇਕਰ ਮੇਰੇ ਕੋਲ SSI ਹੈ ਤਾਂ ਮੈਂ ਤਬਦੀਲੀ ਦੀ ਰਿਪੋਰਟ ਕਿਵੇਂ ਕਰਾਂ?	ਜੇਕਰ ਤੁਸੀਂ SSI ਪ੍ਰਾਪਤ ਕਰਦੇ ਹੋ, ਤੁਹਾਡੇ ਕੋਲ ਯੂ.ਐੱਸ. ਦਾ ਡਾਕ ਪਤਾ ਨਹੀਂ ਹੈ, ਅਤੇ ਤੁਸੀਂ ਆਪਣਾ ਪਤਾ ਔਨਲਾਈਨ ਬਦਲਣ ਵਿੱਚ ਅਸਮਰਥ ਹੋ, ਤਾਂ ਤੁਸੀਂ ਇਸ ਦੁਆਰਾ ਆਪਣੀ ਤਬਦੀਲੀ ਦੀ ਰਿਪੋਰਟ ਕਰ ਸਕਦੇ ਹੋ: » 1(800) 772-1213 (TTY 1(800) 325-0778) 'ਤੇ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਤੱਕ ਕੱਲ ਕਰਕੇ। » ਆਪਣੇ ਸਥਾਨਕ ਸੋਸ਼ਲ ਸਿਕਿਉਰਿਟੀ ਦਫ਼ਤਰ ਨਾਲ ਉਹਨਾਂ ਦੇ ਔਨਲਾਈਨ ਲੋਕੇਟਰ ਰਾਹੀਂ ਸੰਪਰਕ ਕਰਕੇ। ਜੇਕਰ ਤੁਸੀਂ SSI ਪ੍ਰਾਪਤ ਕਰਦੇ ਹੋ, ਤਾਂ ਸੋਸ਼ਲ ਸਿਕਿਉਰਿਟੀ ਤੁਹਾਡੀ Medi-Cal ਨੂੰ ਨਵਿਆਉਣ ਦੀ ਪ੍ਰਕਿਰਿਆ ਕਰੇਗੀ। ਜੇਕਰ ਤੁਹਾਡੇ ਕੋਈ ਸੁਆਲ ਹਨ, ਤਾਂ 1(800) 772-1213 'ਤੇ ਕੱਲ ਕਰੋ, ਜਾਂ ਆਪਣੇ ਸਥਾਨਕ ਸੋਸ਼ਲ ਸਿਕਿਉਰਿਟੀ ਦਫ਼ਤਰ ਨਾਲ ਸੰਪਰਕ ਕਰੋ।

ਕੀ ਹੋਏਗਾ ਜੇ ਮੈਂ ਹੁਣ Medi-Cal ਲਈ ਯੋਗ ਨਹੀਂ ਹਾਂ?	ਜੇਕਰ ਤੁਸੀਂ ਹੁਣ Medi-Cal, ਲਈ ਯੋਗ ਨਹੀਂ ਹੋ, ਤਾਂ ਤੁਸੀਂ Covered California ਦੁਆਰਾ ਸਿਹਤ ਕਵਰੇਜ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। Medi-Cal ਗੁਆਉਣ ਨਾਲ ਤੁਸੀਂ ਖੁੱਲ੍ਹੇ ਦਾਖ਼ਲੇ ਦੀ ਮਿਆਦ ਤੋਂ ਬਾਹਰ ਇੱਕ Covered California ਯੋਜਨਾ ਵਿੱਚ ਦਾਖ਼ਲਾ ਲੈ ਸਕਦੇ ਹੋ। ਸਥਾਨਕ ਕਾਉਂਟੀ ਦਫ਼ਤਰ ਤੁਹਾਨੂੰ ਇਸ ਬਾਰੇ ਜਾਣਕਾਰੀ ਭੇਜੇਗਾ ਕਿ ਕਿਵੇਂ ਸਾਈਨ ਅੱਪ ਕਰਨਾ ਹੈ।

ਈਮੇਲਾਂ

ਵਿਸ਼ਾ ਲਾਈਨ: ਤੁਹਾਡੀ ਨਵੀਨੀਕਰਨ ਚਿੱਠੀ ਆਉਣ ਵਾਲੀ ਹੈ। ਇਸ ਨੂੰ ਖੁੰਝੋ ਨਾ!

ਅਗਾਊਂ ਜਾਇਜ਼ਾ ਟੈਕਸਟ: ਯਕੀਨੀ ਬਣਾਓ ਕਿ ਤੁਹਾਡਾ ਪਤਾ ਅਤੇ ਸੰਪਰਕ ਜਾਣਕਾਰੀ ਜੇਕਰ ਬਦਲ ਗਈ ਹੈ ਤਾਂ **[Customize local county office name]** ਨਾਲ ਅੱਪ ਟੂ ਡੇਟ ਹੈ ਤਾਂ ਜੋ ਤੁਹਾਨੂੰ ਡਾਕ ਵਿੱਚ ਆਪਣਾ Medi-Cal ਨਵੀਨੀਕਰਨ ਪੱਤਰ ਪ੍ਰਾਪਤ ਹੋ ਸਕੇ।

ਕੀ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਕੋਲ ਵਰਤਮਾਨ ਵਿੱਚ Medi-Cal ਰਾਹੀਂ ਸਿਹਤ ਬੀਮਾ ਸੁਰੱਖਿਆ ਹੈ? ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਜਾਣਨ ਦੀ ਲੋੜ ਹੈ ਤਾਂਕਿ ਤੁਸੀਂ ਆਪਣਾ Medi-Cal ਬਣਾਈ ਰੱਖ ਸਕੋ।

[Customize local county office name] ਤੋਂ ਡਾਕ ਵਿੱਚ Medi-Cal ਨਵੀਨੀਕਰਨ ਪੱਤਰ ਦੀ ਉਡੀਕ ਵਿੱਚ ਰਹੋ। ਯਕੀਨੀ ਬਣਾਓ ਕਿ ਤੁਹਾਡਾ ਨਾਮ, ਪਤਾ, ਈਮੇਲ ਪਤਾ, ਅਤੇ ਫ਼ੋਨ ਨੰਬਰ **[Customize local county office name]** ਕੋਲ ਅੱਪ ਟੂ ਡੇਟ ਹਨ। ਤੁਸੀਂ ਆਪਣੀ ਕਾਉਂਟੀ ਨੂੰ ਆਪਣੀ ਜਾਣਕਾਰੀ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਦੇ ਸਕਦੇ ਹੋ।

ਜੇਕਰ ਤੁਹਾਡੇ ਕੋਲ Medi-Cal ਹੈ, ਤਾਂ ਤੁਹਾਡਾ ਸਥਾਨਕ ਕਾਉਂਟੀ ਦਫ਼ਤਰ ਤੁਹਾਡੀ Medi-Cal ਨੂੰ ਨਵਿਆਉਣ ਦੀ ਕੋਸ਼ਿਸ਼ ਕਰੇਗਾ। ਉਹ ਆਪਣੇ ਕੋਲ ਮੌਜੂਦ ਜਾਣਕਾਰੀ ਦੀ ਵਰਤੋਂ ਕਰਨਗੇ। ਸਥਾਨਕ ਕਾਉਂਟੀ ਦਫ਼ਤਰ ਸਿਰਫ਼ ਹੋਰ ਜਾਣਕਾਰੀ ਲਈ ਤੁਹਾਨੂੰ ਪੁੱਛੇਗਾ ਜੇਕਰ ਉਹਨਾਂ ਨੂੰ ਤੁਹਾਡੀ Medi-Cal ਨੂੰ ਨਵਿਆਉਣ ਲਈ ਇਸਦੀ ਲੋੜ ਹੈ। ਜੇਕਰ ਤੁਹਾਨੂੰ ਇੱਕ ਨਵਿਆਉਣ ਵਾਲਾ ਪੈਕੇਟ ਜਾਂ ਹੋਰ ਜਾਣਕਾਰੀ ਮੰਗਣ ਵਾਲੀ ਚਿੱਠੀ ਮਿਲਦੀ ਹੈ, ਤਾਂ ਤੁਸੀਂ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਾਣਕਾਰੀ ਜਮ੍ਹਾਂ ਕਰਾ ਸਕਦੇ ਹੋ।

ਜੇਕਰ ਤੁਹਾਡੀ ਜਾਣਕਾਰੀ ਬਦਲ ਗਈ ਹੈ, ਤਾਂ ਤੁਸੀਂ ਇਸਨੂੰ ਔਨਲਾਈਨ **[Customizable link mybenefitscalwin.org or benefitscal.com]**, ਜਾਂ **[customize local county office number]** 'ਤੇ ਕੱਲ ਕਰਕੇ ਅੱਪਡੇਟ ਕਰ ਸਕਦੇ ਹੋ।

ਯਾਦ ਰੱਖੋ: ਤੁਹਾਡਾ ਪਤਾ ਜੇਕਰ ਇਹ ਬਦਲ ਗਿਆ ਹੈ, ਤਾਂ ਇਸ ਨੂੰ ਅੱਪਡੇਟ ਕਰੋ। ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਇਸ ਮਹੱਤਵਪੂਰਨ ਮੇਲ ਨੂੰ ਖੁੰਝੋ ਤਾਂ ਕਿ ਤੁਸੀਂ ਆਪਣਾ Medi-Cal ਬਣਾਈ ਰੱਖ ਸਕੋ।

ਸੁਹਿਰਦਤਾ ਨਾਲ,
[Customize organization or local county office name]

ਫਲਾਇਰ

ਆਪਣੀ ਅਤੇ ਆਪਣੇ ਪਰਿਵਾਰ ਦੀ ਬੀਮਾ ਕਵਰੇਜ ਨੂੰ ਬਣਾਈ ਰੱਖੋ।

Medi-Cal

ਯਕੀਨੀ ਬਣਾਓ ਕਿ ਤੁਹਾਡੀ ਜਾਣਕਾਰੀ ਬਿਲਕੁਲ ਨਵੀਨਤਮ ਹੈ।

Medi-Cal ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਲੋੜੀਂਦਾ ਸਿਹਤ ਦੇਖਭਾਲ ਸੇਵਾਵਾਂ ਨੂੰ ਕਵਰ ਕਰਦਾ ਹੈ, ਜਿਸ ਵਿੱਚ ਡਾਕਟਰ ਦੇ ਦੌਰੇ, ਤਜਵੀਜ਼ਾਂ, ਟੀਕੇ, ਮਾਨਸਿਕ ਸਿਹਤ ਸੰਭਾਲ, ਅਤੇ ਹੋਰ ਵੀ ਬਹੁਤ ਕੁਝ ਸ਼ਾਮਲ ਹੈ। ਇਸ ਲਈ, ਜੇਕਰ ਤੁਹਾਡੇ ਕੋਲ Medi-Cal ਹੈ, ਤਾਂ ਯਕੀਨੀ ਬਣਾਓ ਕਿ ਤੁਸੀਂ ਸਮਾਂ ਆਉਣ 'ਤੇ ਇਸ ਦਾ ਨਵੀਨੀਕਰਨ ਕਰੋ।

ਆਪਣੀ ਸੰਪਰਕ ਜਾਣਕਾਰੀ ਅੱਪਡੇਟ ਕਰੋ

ਆਪਣੇ ਨਾਮ, ਪਤੇ, ਫ਼ੋਨ ਨੰਬਰ, ਅਤੇ ਈਮੇਲ ਪਤੇ ਵਿੱਚ ਹੋਏ ਕਿਸੇ ਵੀ ਨਵੇਂ ਬਦਲਾਅ ਦੀ ਰਿਪੋਰਟ ਕਰੋ, ਤਾਂ ਜੋ ਤੁਹਾਡੀ ਕਾਉਂਟੀ ਤੁਹਾਡੇ ਨਾਲ ਸੰਪਰਕ ਕਰ ਸਕੇ।

ਆਪਣੀ ਮੇਲ ਚੈੱਕ ਕਰੋ

ਕਾਉਂਟੀਆਂ ਤੁਹਾਨੂੰ ਤੁਹਾਡੀ Medi-Cal ਯੋਗਤਾ ਬਾਰੇ ਚਿੱਠੀ ਡਾਕ ਰਾਹੀਂ ਭੇਜਣਗੀਆਂ। ਤੁਹਾਨੂੰ ਇੱਕ ਨਵੀਨੀਕਰਨ ਫ਼ਾਰਮ ਭਰਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਨੂੰ ਇੱਕ ਨਵੀਨੀਕਰਨ ਫ਼ਾਰਮ ਭੇਜਿਆ ਗਿਆ ਹੈ, ਤਾਂ ਆਪਣੀ ਜਾਣਕਾਰੀ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ, ਜਾਂ ਔਨਲਾਈਨ ਜਮ੍ਹਾਂ ਕਰਾਓ, ਤਾਂ ਜੋ ਤੁਸੀਂ ਆਪਣਾ ਕਵਰੇਜ ਗੁਆ ਨਾ ਦਿਓ।

ਆਪਣਾ ਔਨਲਾਈਨ ਅਕਾਉਂਟ ਬਣਾਓ ਜਾਂ ਚੈੱਕ ਕਰੋ

ਤੁਸੀਂ ਆਪਣੇ ਕੇਸ ਬਾਰੇ ਅਲਰਟ ਪ੍ਰਾਪਤ ਕਰਨ ਲਈ ਸਾਈਨ ਅੱਪ ਕਰ ਸਕਦੇ ਹੋ। ਇਹਨਾਂ ਅਲਰਟ ਪ੍ਰਾਪਤ ਕਰਨ ਲਈ ਆਪਣਾ ਅਕਾਉਂਟ ਬਣਾਓ ਜਾਂ ਲੌਗ ਇਨ ਕਰੋ। ਤੁਸੀਂ ਨਵੀਨੀਕਰਨ ਜਾਂ ਬੇਨਤੀ ਕੀਤੀ ਜਾਣਕਾਰੀ ਔਨਲਾਈਨ ਜਮ੍ਹਾਂ ਕਰਾ ਸਕਦੇ ਹੋ।

ਆਪਣਾ ਨਵੀਨੀਕਰਨ ਫ਼ਾਰਮ ਪੂਰਾ ਕਰੋ (ਜੇ ਤੁਹਾਨੂੰ ਕੋਈ ਫ਼ਾਰਮ ਮਿਲਦਾ ਹੈ)

ਜੇਕਰ ਤੁਹਾਨੂੰ ਇੱਕ ਨਵੀਨੀਕਰਨ ਫ਼ਾਰਮ ਪ੍ਰਾਪਤ ਹੋਇਆ ਹੈ, ਤਾਂ ਆਪਣੀ ਕਵਰੇਜ ਵਿੱਚ ਅੰਤਰਾਲ ਆਉਣ ਤੋਂ ਬਚਣ ਲਈ ਆਪਣੀ ਜਾਣਕਾਰੀ ਡਾਕ, ਫ਼ੋਨ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਮ੍ਹਾਂ ਕਰਾਓ।

ਹੋਰ ਵੇਰਵਿਆਂ ਲਈ ਅਤੇ ਆਪਣੀ ਸੰਪਰਕ ਜਾਣਕਾਰੀ ਨੂੰ ਕਿਵੇਂ ਅੱਪਡੇਟ ਕਰਨਾ ਹੈ, ਇਹ ਜਾਣਨ ਲਈ, KeepMediCalCoverage.org 'ਤੇ ਜਾਓ

ਪੋਸਟਰ

Medi-Cal ਲਾਭਪਾਤਰੀ:

ਆਪਣੀ Medi-Cal ਨੂੰ ਬਣਾਈ ਰੱਖਣ ਲਈ ਕਾਰਵਾਈ ਕਰੋ

ਤੁਹਾਡਾ ਸਥਾਨਕ ਕਾਉਂਟੀ ਦਫ਼ਤਰ ਡਾਕ ਰਾਹੀਂ ਤੁਹਾਨੂੰ ਤੁਹਾਡੇ Medi-Cal ਕਵਰੇਜ ਬਾਰੇ ਚਿੱਠੀ ਭੇਜੇਗਾ।

ਇਹ ਚਿੱਠੀ ਤੁਹਾਨੂੰ ਦੱਸੇਗੀ ਕਿ ਕੀ:

ਤੁਹਾਡੇ Medi-Cal ਨੂੰ ਨਵਿਆਉਣ ਲਈ ਤੁਹਾਡੀ ਕਾਉਂਟੀ ਨੂੰ ਤੁਹਾਡੇ ਤੋਂ ਕਿਸੇ ਜਾਣਕਾਰੀ ਦੀ ਲੋੜ ਹੈ

ਜਾਂ

ਤੁਹਾਡਾ Medi-Cal ਸਵੈਚਲਿਤ ਤੌਰ 'ਤੇ ਨਵਿਆਇਆ ਗਿਆ ਸੀ

ਜੇਕਰ ਤੁਹਾਨੂੰ ਨਵੀਨੀਕਰਨ ਫ਼ਾਰਮ ਮਿਲਦਾ ਹੈ, ਤਾਂ ਕਿਰਪਾ ਕਰਕੇ ਇਸਨੂੰ ਭਰ ਕੇ ਤੁਰੰਤ ਵਾਪਸ ਕਰੋ।

ਚੈੱਕ ਕਰੋ ਕਿ ਤੁਹਾਡੇ ਸਥਾਨਕ ਕਾਉਂਟੀ ਦਫ਼ਤਰ ਵਿੱਚ ਤੁਹਾਡਾ ਨਾਮ, ਮੌਜੂਦਾ ਪਤਾ, ਈਮੇਲ ਪਤਾ, ਅਤੇ ਫ਼ੋਨ ਨੰਬਰ ਸਮੇਤ ਤੁਹਾਡੀ ਅੱਪਡੇਟ ਕੀਤੀ ਹੋਈ ਜਾਣਕਾਰੀ ਮੌਜੂਦ ਹੈ।

ਹੋਰ ਵੇਰਵਿਆਂ ਲਈ ਅਤੇ ਆਪਣੀ ਸੰਪਰਕ ਜਾਣਕਾਰੀ ਨੂੰ ਕਿਵੇਂ ਅੱਪਡੇਟ ਕਰਨਾ ਹੈ, ਇਹ ਜਾਣਨ ਲਈ, KeepMediCalCoverage.org 'ਤੇ ਜਾਓ

Medi-Cal

IVR ਕੱਲ ਸਕ੍ਰਿਪਟ

» ਤੁਹਾਡੀ Medi-Cal ਕਵਰੇਜ ਨੂੰ ਨਵਿਆਉਣ ਦਾ ਸਮਾਂ ਲਗਭਗ ਆ ਗਿਆ ਹੈ। ਤੁਹਾਨੂੰ ਆਪਣੀ ਕਵਰੇਜ ਬਣਾਈ ਰੱਖਣ ਲਈ ਕਾਰਵਾਈ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਡਾ ਮੌਜੂਦਾ ਪਤਾ, ਈਮੇਲ ਪਤਾ, ਜਾਂ ਫ਼ੋਨ ਨੰਬਰ ਬਦਲ ਗਿਆ ਹੈ, ਤਾਂ ਕਿਰਪਾ ਕਰਕੇ ਆਪਣੀ ਜਾਣਕਾਰੀ ਨੂੰ ਆਪਣੇ ਸਥਾਨਕ ਕਾਉਂਟੀ ਦਫ਼ਤਰ ਨਾਲ ਅੱਪਡੇਟ ਕਰੋ। ਆਪਣੀ Medi-Cal ਕਵਰੇਜ ਬਾਰੇ ਚਿੱਠੀ ਲਈ ਆਪਣੀ ਮੇਲ ਦੇਖਣਾ ਨਾ ਭੁੱਲੋ।

» ਤੁਹਾਡੀ Medi-Cal ਕਵਰੇਜ ਨੂੰ ਨਵਿਆਉਣ ਦਾ ਸਮਾਂ ਲਗਭਗ ਆ ਗਿਆ ਹੈ। ਤੁਹਾਨੂੰ ਆਪਣੀ ਕਵਰੇਜ ਬਣਾਈ ਰੱਖਣ ਲਈ ਕਾਰਵਾਈ ਕਰਨ ਦੀ ਲੋੜ ਹੋ ਸਕਦੀ ਹੈ। ਕਿਰਪਾ ਕਰਕੇ ਆਪਣੇ ਸਥਾਨਕ ਕਾਉਂਟੀ ਦਫ਼ਤਰ ਤੋਂ ਜਾਣਕਾਰੀ ਲਈ ਸਾਰੀਆਂ ਬੇਨਤੀਆਂ ਦਾ ਜਿੰਨੀ ਜਲਦੀ ਹੋ ਸਕੇ ਜਵਾਬ ਦਿਓ।

» ਤੁਹਾਡੀ Medi-Cal ਕਵਰੇਜ ਨੂੰ ਨਵਿਆਉਣ ਦਾ ਸਮਾਂ ਲਗਭਗ ਆ ਗਿਆ ਹੈ। ਜੇਕਰ ਤੁਹਾਨੂੰ ਇੱਕ ਨਵਿਆਉਣ ਵਾਲਾ ਪੈਕੇਟ ਜਾਂ ਹੋਰ ਜਾਣਕਾਰੀ ਮੰਗਣ ਵਾਲੀ ਚਿੱਠੀ ਮਿਲਦੀ ਹੈ, ਤਾਂ ਤੁਸੀਂ ਡਾਕ, ਫ਼ੋਨ ਰਾਹੀਂ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਾਣਕਾਰੀ ਜਮ੍ਹਾਂ ਕਰਾ ਸਕਦੇ ਹੋ।

ਔਨਲਾਈਨ ਪੋਰਟਲਸ ਬਾਰੇ ਸੁਨੇਹੇ

ਵਿਅਕਤੀ ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰ ਸਕਦੇ ਹਨ ਜਾਂ ਆਪਣੇ ਨਵੀਨੀਕਰਨ ਨੂੰ ਔਨਲਾਈਨ ਪੂਰਾ ਕਰ ਸਕਦੇ ਹਨ।

» **Covered California**

- ਤੁਸੀਂ Covered California ’ਤੇ ਆਪਣੀ ਜਾਣਕਾਰੀ ਅੱਪਡੇਟ ਕਰ ਸਕਦੇ ਹੋ। Covered California ਰਾਜ ਭਰ ਵਿੱਚ ਉਪਲਬਧ ਹੈ। ਆਪਣੇ ਔਨਲਾਈਨ ਅਕਾਉਂਟ ਤਕ ਕਿਵੇਂ ਪਹੁੰਚ ਕਰਨੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ Covered California 'ਤੇ ਜਾਓ ਜਾਂ (800) 300-1506 'ਤੇ ਸੇਵਾ ਕੇਂਦਰ ਨੂੰ ਕੱਲ ਕਰੋ।

» **BenefitsCal**

- ਤੁਸੀਂ My Benefits Cal ਪੋਰਟਲ ‘ਤੇ ਆਪਣੀ ਜਾਣਕਾਰੀ ਅੱਪਡੇਟ ਕਰ ਸਕਦੇ ਹੋ। 2023 ਵਿੱਚ BenefitsCal ਰਾਜ ਭਰ ਵਿੱਚ ਪੜਾਅਵਾਰ ਢੰਗ ਨਾਲ ਸ਼ੁਰੂ ਹੋਏਗਾ। ਆਪਣੇ ਔਨਲਾਈਨ ਅਕਾਉਂਟ ਤਕ ਕਿਵੇਂ ਪਹੁੰਚ ਕਰਨੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ BenefitsCal 'ਤੇ ਜਾਓ।

» **My Benefits CalWIN**

- ਤੁਸੀਂ My Benefits CalWIN ਪੋਰਟਲ ‘ਤੇ ਆਪਣੀ ਜਾਣਕਾਰੀ ਅੱਪਡੇਟ ਕਰ ਸਕਦੇ ਹੋ। My Benefits CalWIN ਕੁਝ ਕਾਉਂਟੀਜ਼ ਵਿੱਚ ਉਪਲਬਧ ਹੈ ਆਪਣੇ ਔਨਲਾਈਨ ਅਕਾਉਂਟ ਤਕ ਕਿਵੇਂ ਪਹੁੰਚ ਕਰਨੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ My Benefits CalWIN 'ਤੇ ਜਾਓ।

ਸਪਲੀਮੈਂਟਲ ਸਿਕਿਉਰਿਟੀ ਇਨਕਮ ਲਾਭਪਾਤਰੀਆਂ ਲਈ ਸੁਨੇਹਾ

ਜਿਹਨਾਂ ਵਿਅਕਤੀਆਂ ਕੋਲ ਸਪਲੀਮੈਂਟਲ ਸਿਕਿਉਰਿਟੀ ਇਨਕਮ (SSI) ਹੁੰਦੀ ਹੈ ਸੋਸ਼ਲ ਸਿਕਿਉਰਿਟੀ ਐਡਮਿਨਿਸਟ੍ਰੇਸ਼ਨ ਦੁਆਰਾ Medi-Cal ਪ੍ਰਾਪਤ ਕਰਦੇ ਹਨ।

SSI ਪ੍ਰਾਪਤ ਕਰਨ ਵਾਲੇ Medi-Cal ਲਾਭਪਾਤਰੀਆਂ ਤੱਕ ਪਹੁੰਚ ਲਈ ਹੇਠਾਂ ਦਿੱਤੇ ਬਿਆਨ ਦੀ ਵਰਤੋਂ ਕੀਤੀ ਜਾ ਸਕਦੀ ਹੈ:

» ਜੇਕਰ ਤੁਸੀਂ SSI ਪ੍ਰਾਪਤ ਕਰਦੇ ਹੋ, ਤਾਂ 1(800) 772-1213 'ਤੇ ਕੱਲ ਕਰਕੇ ਆਪਣੇ ਪਤਾ ਬਦਲਣ ਦੀ ਰਿਪੋਰਟ ਕਰੋ, ਜਾਂ ਆਪਣੇ ਸਥਾਨਕ ਸੋਸ਼ਲ ਸਿਕਿਉਰਿਟੀ ਆਫ਼ਿਸ ਨਾਲ ਸੰਪਰਕ ਕਰੋ।

» ਜੇਕਰ ਤੁਸੀਂ SSI ਪ੍ਰਾਪਤ ਕਰਦੇ ਹੋ, ਤਾਂ ਸੋਸ਼ਲ ਸਿਕਿਉਰਿਟੀ ਤੁਹਾਡੀ Medi-Cal ਨੂੰ ਨਵਿਆਉਣ ਦੀ ਪ੍ਰਕਿਰਿਆ ਕਰੇਗੀ। ਜੇਕਰ ਤੁਹਾਡੇ ਕੋਈ ਸੁਆਲ ਹਨ, ਤਾਂ 1(800) 772-1213 'ਤੇ ਕੱਲ ਕਰੋ, ਜਾਂ ਆਪਣੇ ਸਥਾਨਕ ਸੋਸ਼ਲ ਸਿਕਿਉਰਿਟੀ ਦਫ਼ਤਰ ਨਾਲ ਸੰਪਰਕ ਕਰੋ।

ਸੋਸ਼ਲ ਮੀਡੀਆ

ਤੁਸੀਂ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ ਜਾਂ ਔਨਲਾਈਨ ਆਪਣੀ ਜਾਣਕਾਰੀ ਵਿੱਚ ਕਿਸੇ ਵੀ ਤਬਦੀਲੀ ਦੀ ਰਿਪੋਰਟ ਕਰ ਸਕਦੇ ਹੋ।

ਆਪਣੀ ਅਤੇ ਆਪਣੇ ਪਰਿਵਾਰ ਦੀ ਬੀਮਾ ਕਵਰੇਜ ਨੂੰ ਬਣਾਈ ਰੱਖੋ। ਇਹ ਯਕੀਨੀ ਬਣਾਉਣ ਲਈ ਕਿ Medi-Cal ਕੋਲ ਤੁਹਾਡਾ ਮੌਜੂਦਾ ਪਤਾ, ਈਮੇਲ ਪਤਾ, ਅਤੇ ਫ਼ੋਨ ਨੰਬਰ ਹੈ ਆਪਣੇ ਅਕਾਉਂਟ ਵਿੱਚ ਲੌਗਇਨ ਕਰੋ। ਵਧੇਰੇ ਜਾਣਕਾਰੀ ਲਈ ਅਤੇ ਈਮੇਲ ਅਤੇ ਟੈਕਸਟ ਮੈਸੇਜ ਅਲਰਟਸ ਲਈ ਸਾਈਨ ਅੱਪ ਕਰਨ ਵਾਸਤੇ **KeepMediCalCoverage.org** 'ਤੇ ਜਾਓ।

ਤੁਹਾਡੀ Medi-Cal ਕਵਰੇਜ ਨੂੰ ਨਵਿਆਉਣ ਦਾ ਸਮਾਂ ਲਗਭਗ ਆ ਗਿਆ ਹੈ। ਜੇਕਰ ਤੁਹਾਨੂੰ ਡਾਕ ਵਿੱਚ ਨਵਿਆਉਣ ਦਾ ਫ਼ਾਰਮ ਮਿਲਦਾ ਹੈ, ਤਾਂ ਤੁਹਾਡੀ ਕਾਉਂਟੀ ਨੂੰ ਹੋਰ ਜਾਣਕਾਰੀ ਦੀ ਲੋੜ ਹੈ। ਆਪਣੀ ਅਤੇ ਆਪਣੇ ਪਰਿਵਾਰ ਦੀ ਬੀਮਾ ਕਵਰੇਜ ਨੂੰ ਬਣਾਈ ਰੱਖਣ ਲਈ ਇਸਨੂੰ ਤੁਰੰਤ ਭਰੋ ਅਤੇ ਵਾਪਸ ਕਰੋ। ਹੋਰ ਜਾਣਕਾਰੀ ਲਈ ਅਤੇ ਈਮੇਲ ਅਤੇ ਟੈਕਸਟ ਮੈਸੇਜ ਅਲਰਟਸ ਲਈ ਸਾਈਨ ਅੱਪ ਕਰਨ ਵਾਸਤੇ **KeepMediCalCoverage.org** 'ਤੇ ਜਾਓ।

ਟੈਕਸਟ ਸੁਨੇਹੇ

ਤੁਸੀਂ ਜਾਣਕਾਰੀ ਦੀ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ, ਜਾਂ ਔਨਲਾਈਨ ਰਿਪੋਰਟ ਕਰ ਸਕਦੇ ਹੋ:

- ਆਪਣੀ Medi-Cal ਨਵਿਆਉਣ ਵਾਲੀ ਚਿੱਠੀ ਪ੍ਰਾਪਤ ਕਰਨ ਲਈ, ਯਕੀਨੀ ਬਣਾਓ ਕਿ ਤੁਸੀਂ ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕੀਤਾ ਹੈ ਜੇਕਰ ਇਹ ਹਾਲ ਹੀ ਵਿੱਚ ਬਦਲੀ ਹੈ। ਤੁਸੀਂ ਜਾਣਕਾਰੀ ਦੀ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ, ਜਾਂ ਔਨਲਾਈਨ ਰਿਪੋਰਟ ਕਰ ਸਕਦੇ ਹੋ: **[Customizable Link]**
- ਆਪਣੀ Medi-Cal ਨਵੀਨੀਕਰਨ ਚਿੱਠੀ ਨੂੰ ਖੁੰਝੋ ਨਾ। ਜੇਕਰ ਤੁਹਾਡੀ ਸੰਪਰਕ ਜਾਣਕਾਰੀ ਬਦਲ ਗਈ ਹੈ ਤਾਂ ਇਸ ਨੂੰ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ, ਜਾਂ ਔਨਲਾਈਨ ਅੱਪਡੇਟ ਕਰੋ: **[Customizable Link]**
- ਆਪਣੀ Medi-Cal ਨੂੰ ਬਣਾਈ ਰੱਖਣ ਲਈ ਕਾਰਵਾਈ ਕਰੋ। ਯਕੀਨੀ ਬਣਾਓ ਕਿ ਤੁਹਾਡਾ ਪਤਾ ਨਵੀਨਤਮ ਹੈ ਤਾਂ ਜੋ ਤੁਸੀਂ ਆਪਣੀ ਨਵੀਨੀਕਰਨ ਚਿੱਠੀ ਪ੍ਰਾਪਤ ਕਰ ਸਕੋ। ਜੇਕਰ ਤੁਹਾਡੀ ਜਾਣਕਾਰੀ ਬਦਲ ਗਈ ਹੈ, ਤਾਂ ਤੁਸੀਂ ਇਸਨੂੰ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ ਜਾਂ ਔਨਲਾਈਨ ਅੱਪਡੇਟ ਕਰ ਸਕਦੇ ਹੋ: **[Customizable Link]**
- Medi-Cal ਦੇ ਨਵੀਨੀਕਰਨ ਜਲਦੀ ਹੀ ਆ ਰਹੇ ਹਨ। ਯਕੀਨੀ ਬਣਾਓ ਕਿ ਤੁਹਾਡਾ ਪਤਾ ਨਵੀਨਤਮ ਹੈ। ਜੇਕਰ ਤੁਹਾਡੀ ਜਾਣਕਾਰੀ ਬਦਲ ਗਈ ਹੈ, ਤਾਂ ਤੁਸੀਂ ਇਸਨੂੰ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ ਜਾਂ ਔਨਲਾਈਨ ਅੱਪਡੇਟ ਕਰ ਸਕਦੇ ਹੋ: **[Customizable Link]**
- ਕੀ ਤੁਹਾਨੂੰ Medi-Cal ਨਵਿਆਉਣ ਵਾਲਾ ਪੈਕੇਟ ਮਿਲਿਆ ਸੀ? ਇਸਨੂੰ ਭਰੋ ਅਤੇ ਇਸਨੂੰ ਆਪਣੀ ਕਾਉਂਟੀ ਵਿੱਚ ਵਿਅਕਤੀਗਤ ਤੌਰ 'ਤੇ, ਫ਼ੋਨ, ਡਾਕ ਦੁਆਰਾ, ਜਾਂ ਔਨਲਾਈਨ, ਜਿੰਨੀ ਜਲਦੀ ਹੋ ਸਕੇ ਵਾਪਸ ਕਰੋ। **[Customizable Link]**

ਕਾਉਂਟੀ ਆਫ਼ਿਸ ਪੇਜ ਲਈ ਵੈੱਬਸਾਈਟ ਟੈਕਸਟ

ਤੁਸੀਂ ਜਾਣਕਾਰੀ ਦੀ ਵਿਅਕਤੀਗਤ ਤੌਰ 'ਤੇ, ਫ਼ੋਨ, ਮੇਲ ਰਾਹੀਂ, ਜਾਂ ਔਨਲਾਈਨ ਰਿਪੋਰਟ ਕਰ ਸਕਦੇ ਹੋ:

ਤੁਹਾਡੀ Medi-Cal ਕਵਰੇਜ ਨੂੰ ਨਵਿਆਉਣ ਦਾ ਸਮਾਂ ਲਗਭਗ ਆ ਗਿਆ ਹੈ। ਤੁਹਾਨੂੰ ਡਾਕ ਵਿੱਚ ਇੱਕ ਚਿੱਠੀ ਮਿਲੇਗੀ ਜੋ ਤੁਹਾਨੂੰ ਦੱਸੇਗੀ ਕਿ ਕੀ ਕਾਉਂਟੀ ਦੁਆਰਾ ਤੁਹਾਡੀ Medi-Cal ਨੂੰ ਸਵੈਚਲਿਤ ਤੌਰ 'ਤੇ ਨਵਿਆਇਆ ਗਿਆ ਸੀ ਜਾਂ ਤੁਹਾਡੀ ਕਾਉਂਟੀ ਨੂੰ ਹੋਰ ਜਾਣਕਾਰੀ ਦੀ ਲੋੜ ਹੈ। ਜੇਕਰ ਤੁਹਾਨੂੰ ਇੱਕ ਨਵਿਆਉਣ ਵਾਲਾ ਪੈਕੇਟ ਜਾਂ ਹੋਰ ਜਾਣਕਾਰੀ ਮੰਗਣ ਵਾਲਾ ਨੋਟਿਸ ਮਿਲਦਾ ਹੈ, ਤਾਂ ਤੁਸੀਂ ਜਾਣਕਾਰੀ ਨੂੰ ਡਾਕ, ਫ਼ੋਨ, ਵਿਅਕਤੀਗਤ ਤੌਰ 'ਤੇ ਜਾਂ ਔਨਲਾਈਨ ਜਮ੍ਹਾਂ ਕਰਾ ਸਕਦੇ ਹੋ।

ਜੇਕਰ ਤੁਹਾਡੀ ਸੰਪਰਕ ਜਾਣਕਾਰੀ ਬਦਲ ਗਈ ਹੈ, ਤਾਂ ਕਿਰਪਾ ਕਰਕੇ ਅੱਜ ਹੀ ਸੰਪਰਕ ਕਰਕੇ ਆਪਣੀ ਜਾਣਕਾਰੀ ਨੂੰ ਅੱਪਡੇਟ ਕਰੋ: **[phone number, SAWS portal, or county link to directory]**। ਇਹ ਤੁਹਾਡੀ Medi-Cal ਬੀਮਾ ਸੁਰੱਖਿਆ ਬਣਾਈ ਰੱਖਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।